(132)

# ਦਫਤਰ ਡਿਪਟੀ ਕਮਿਸ਼ਨਰ ਜਲੰਧਰ

## Office of the Deputy Commissioner

Jalandhar (Punjab)

Ph. : 0181-2224783 (O)
: 2459664 (R)
Fax : 2224727
e-mail : dc.jal@punjab.gov.in

No. 133-163/ਏ.ਏ

Date 8-1-15

ਹੁਕਮ ਡਿਪਟੀ ਕਮਿਸ਼ਨਰ, ਜਲੰਧਰ ਮਿਤੀ 16-12-2014

12/01/15
ਏ-I+2

ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਵੱਖ-ਵੱਖ ਅਦਾਲਤਾਂ ਵਲੋਂ ਜੋ ਸੰਮਣ ਇਸ ਦਫ਼ਤਰ/ਕਰਮਚਾਰੀਆਂ ਨੂੰ ਜਾਰੀ ਹੁੰਦੇ ਹਨ, ਉਹ ਸੰਮਨ ਸਬੰਧਤ ਕਰਮਚਾਰੀਆਂ/ਸ਼ਾਖਾਵਾਂ ਵਲੋਂ ਪ੍ਰਾਪਤ ਨਹੀ ਕੀਤੇ ਜਾਂਦੇ। ਬਾਅਦ ਵਿੱਚ ਇਹ ਸੰਮਨ ਆਰ.ਆਈ.ਏ. ਸ਼ਾਖਾ ਦੇ ਡਾਇਰੀ ਕਲਰਕਾਂ ਨੂੰ ਰਸੀਵ ਕਰਨੇ ਪੈਂਦੇ ਹਨ। ਸੰਮਨ ਡਾਇਰੀ ਹੋਣ ਉਪਰੰਤ ਸਬੰਧਤ ਸ਼ਾਖਾ ਨੂੰ ਕਾਰਵਾਈ ਹਿੱਤ ਭੇਜਣ ਤੇ ਵੀ ਕਈ ਵਾਰ ਕਰਮਚਾਰੀ ਅਦਾਲਤਾਂ ਵਿੱਚ ਪੇਸ਼ ਨਹੀਂ ਹੁੰਦੇ। ਜਿਸ ਕਾਰਨ ਸਬੰਧਤ ਅਦਾਲਤ ਵਲੋਂ ਸੰਮਨ ਪ੍ਰਾਪਤ ਕਰਤਾ (ਡਾਇਰੀ ਕਲਰਕ) ਦੇ ਹੀ ਵਾਰੰਟ ਜਾਰੀ ਕਰ ਦਿੱਤੇ ਜਾਂਦੇ ਹਨ। ਇਸ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਇਸ ਪ੍ਰਥਾ ਨੂੰ ਬੰਦ ਕੀਤਾ ਜਾਵੇ ਅਤੇ ਵੱਖ-ਵੱਖ ਅਦਾਲਤਾਂ ਤੋਂ ਪ੍ਰਾਪਤ ਹੋਣ ਵਾਲੇ ਸੰਮਨ ਸ਼ਾਖਾ ਦੇ ਸੁਪਰਡੰਟ ਦੀਂ ਮਾਰਕਿੰਗ ਤੋਂ ਬਾਅਦ ਸਬੰਧਤ ਸ਼ਾਖਾ ਦੇ ਕਰਮਚਾਰੀ ਵਲੋਂ ਪ੍ਰਾਪਤ ਕੀਤੇ ਜਾਣ ਅਤੇ ਨਿਸ਼ਚਿਤ ਮਿਤੀ ਤੇ ਅਦਾਲਤ ਵਿੱਚ ਪੇਸ਼ ਹੋਣ ਨੂੰ ਯਕੀਨੀ ਬਣਾਇਆ ਜਾਵੇ।

= = = =

ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ।

ਪਿੱਠ ਅੰਕਣ ਨੰ: 133-163 /ਈ.ਏ. ਮਿਤੀ 8-1-15

ਇਸ ਦਾ ਇਕ ਉਤਾਰਾ:-

1. ਅਫਸਰ ਇੰਚਾਰਜ, ਸਮੂਹ ਸ਼ਾਖਾਵਾਂ ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ
2. ਸਮੂਹ ਸੀਨੀਅਰ ਸਹਾਇਕ, ਸਦਰ ਦਫਤਰ/ਸਦਰ ਕਾਨੂੰਗੋ

ਨੂੰ ਸੂਚਨਾ ਅਤੇ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਵਾ:ਡਿਪਟੀ ਕਮਿਸ਼ਨਰ,
ਜਲੰਧਰ।